# ਪੰਜਾਬ ਸਕੂਲ ਸਿੱਖਿਆ ਬੋਰਡ

## ਵਿਭਾਗ/ਸੰਸਥਾ/ਯੂਨੀਵਰਸਿਟੀ ਵੱਲੋਂ ਉਮੀਦਵਾਰ ਦੇ ਸਰਟੀਫਿਕੇਟਾਂ ਦੀ ਵੈਰੀਫਿਕੇਸ਼ਨ ਕਰਵਾਉਣ ਲਈ ਆਨਲਾਈਨ ਅਪਲਾਈ ਕਰਨ ਸਬੰਧੀ ਹਦਾਇਤਾਂ

1. **ਪੰਜਾਬ ਸਕੂਲ ਸਿੱਖਿਆ ਬੋਰਡ** ਦੀ ਵੈੱਬਸਾਈਟ 'ਤੇ ਜਾ ਕੇ **Certificate Branch** ਅਧੀਨ **"Click here to register your department or organization for certificate verification"** ਲਿੰਕ 'ਤੇ ਕਲਿੱਕ ਕਰੋ।
2. ਇਸ ਲਿੰਕ 'ਤੇ ਕਲਿੱਕ ਕਰਨ 'ਤੇ ਇਸ ਤਰ੍ਹਾਂ ਦੀ ਸਕਰੀਨ ਓਪਨ (Open) ਹੋ ਜਾਵੇਗੀ।




3. ਪਹਿਲੀ ਵਾਰ ਅਰਜ਼ੀ ਦੇਣ ਤੋਂ ਪਹਿਲਾਂ ਵਿਭਾਗ/ਸੰਸਥਾ/ਯੂਨੀਵਰਸਿਟੀ ਲਈ **Department Registration Form** ਰਾਹੀਂ ਰਜਿਸਟ੍ਰੇਸ਼ਨ ਕਰਨਾ ਲਾਜ਼ਮੀ ਹੈ। ਇਸ ਲਈ **Registration** ਬਟਨ 'ਤੇ ਕਲਿੱਕ ਕੀਤਾ ਜਾਵੇ।
4. ਰਜਿਸਟ੍ਰੇਸ਼ਨ ਫਾਰਮ ਵਿੱਚ ਵਿਭਾਗ ਦਾ ਨਾਮ, ਪਤਾ, ਈ-ਮੇਲ ਆਈ.ਡੀ., HOD ਅਤੇ Authorized Person ਦੇ ਵੇਰਵੇ ਆਦਿ ਸਹੀ ਤਰੀਕੇ ਨਾਲ ਭਰੇ ਜਾਣ।
5. ਵਿਭਾਗ ਦੇ ਅਧਿਕਾਰਕ ਲੈਟਰਹੈੱਡ 'ਤੇ ਲੌਗਇਨ ਆਈ.ਡੀ. ਜਾਰੀ ਕਰਨ ਸਬੰਧੀ ਬੇਨਤੀ ਪੱਤਰ ਸਕੈਨ ਕਰਕੇ ਅਪਲੋਡ ਕੀਤਾ ਜਾਵੇ ਅਤੇ ਸਕਰੀਨ ਅਨੁਸਾਰ ਸਾਰੀ ਡੀਟੇਲ ਭਰੀ ਜਾਵੇ।




6. ਰਜਿਸਟ੍ਰੇਸ਼ਨ ਦੌਰਾਨ ਦਰਜ ਕੀਤੀ ਗਈ Official Email ID ਅਤੇ Authorized Person ਦੇ ਮੋਬਾਈਲ ਨੰਬਰ 'ਤੇ ਪ੍ਰਾਪਤ OTP ਰਾਹੀਂ ਤਸਦੀਕ (Verification) ਕੀਤੀ ਜਾਵੇਗੀ।
7. ਬੋਰਡ ਵੱਲੋਂ ਮਨਜ਼ੂਰੀ ਮਿਲਣ ਉਪਰੰਤ ਵਿਭਾਗ ਨੂੰ Login ID ਅਤੇ Password ਈ-ਮੇਲ/SMS ਰਾਹੀਂ ਭੇਜੇ ਜਾਣਗੇ।
8. Login ID ਅਤੇ Password ਦੀ ਵਰਤੋਂ ਕਰਕੇ ਪੋਰਟਲ 'ਤੇ ਲੌਗਇਨ ਕਰਨ ਤੋਂ ਪਹਿਲਾਂ Password Change ਕਰਨਾ ਜ਼ਰੂਰੀ ਹੈ।




9. ਜਿਨ੍ਹਾਂ ਉਮੀਦਵਾਰਾਂ ਦੇ ਸਰਟੀਫਿਕੇਟ ਵੈਰੀਫਾਈ ਕਰਵਾਉਣੇ ਹਨ, ਉਨ੍ਹਾਂ ਦੇ ਵੇਰਵੇ ਜਿਵੇਂ ਕਿ ਸ਼੍ਰੇਣੀ, ਸੈਸ਼ਨ, ਸਾਲ, ਰੋਲ ਨੰਬਰ, ਨਾਮ, ਪਿਤਾ ਦਾ ਨਾਮ, ਜਨਮ ਮਿਤੀ ਅਤੇ ਸਰਟੀਫਿਕੇਟ ਦਾ ਲੜੀ ਨੰਬਰ ਦਰਜ ਕਰੋ।
10. ਉਮੀਦਵਾਰਾਂ ਦੇ ਸਰਟੀਫਿਕੇਟ ਨੂੰ ਵੈਰੀਫਾਈ ਕਰਵਾਉਣ ਸਬੰਧੀ ਸਾਰੇ ਵੇਰਵੇ Enter ਕਰਨ ਤੋਂ ਪਹਿਲਾਂ ਦਿੱਤੀ ਗਈ ਸਕਰੀਨ ਵਿੱਚ **Content Verification** ਜਾਂ **Physical Verification** Select ਕਰਨਾ ਜ਼ਰੂਰੀ ਹੈ ਅਤੇ ਸਾਰੇ ਵੇਰਵੇ ਦਰਜ ਕਰਨ ਤੋਂ ਬਾਅਦ ਸੰਬੰਧਿਤ ਸਰਟੀਫਿਕੇਟ ਦੀ ਸਕੈਨ ਕੀਤੀ ਕਾਪੀ ਅਪਲੋਡ ਕਰਕੇ **SAVE** ਬਟਨ 'ਤੇ ਕਲਿੱਕ ਕਰੋ।




11. ਹੋਰ ਉਮੀਦਵਾਰ ਦੇ ਵੇਰਵੇ ਦਰਜ ਕਰਨ ਲਈ **Add New** ਬਟਨ 'ਤੇ ਕਲਿੱਕ ਕਰੋ।




12. ਸਾਰੀਆਂ ਐਂਟਰੀਆਂ ਪੁਰੀਆਂ ਕਰਨ ਉਪਰੰਤ **eSign & Submit** 'ਤੇ ਕਲਿੱਕ ਕਰਕੇ ਆਧਾਰ ਆਧਾਰਿਤ OTP ਪ੍ਰਮਾਣਿਕਤਾ ਪੁਰੀ ਕਰੋ।
13. **Pay Fee** ਵਿਕਲਪ ਰਾਹੀਂ ਨਿਰਧਾਰਿਤ ਫੀਸ ਦਾ ਭੁਗਤਾਨ Net Banking, Debit/Credit Card, UPI ਆਦਿ ਰਾਹੀਂ ਕਰੋ।
14. ਭੁਗਤਾਨ ਸਫਲ ਹੋਣ ਉਪਰੰਤ ਪੋਰਟਲ ਰਾਹੀਂ e-Signed Forwarding Letter, ਉਮੀਦਵਾਰਾਂ ਦੀ ਸੁਚੀ ਅਤੇ ਭੁਗਤਾਨ ਵੇਰਵਾ ਆਪਣੇ ਆਪ ਜਨਰੇਟ ਹੋ ਜਾਵੇਗਾ।
15. ਜੇਕਰ ਤੁਸੀਂ **Physical Verification** type select ਕੀਤੀ ਹੈ ਤਾਂ ਜਨਰੇਟ ਹੋਏ ਫਾਰਵਰਡਿੰਗ ਲੈਟਰ ਦੀ ਪ੍ਰਿੰਟ ਕਾਪੀ ਅਤੇ ਅਸਲ ਸਰਟੀਫਿਕੇਟ ਨੱਥੀ ਕਰਕੇ **Single Window, Punjab School Education Board, Phase-8, S.A.S. Nagar (160062)** ਨੂੰ ਦਸਤੀ, ਡਾਕ ਜਾਂ ਕੋਰੀਅਰ ਰਾਹੀਂ ਭੇਜਣਾ ਲਾਜ਼ਮੀ ਹੋਵੇਗਾ।

16. ਫੀਸ ਦੀ ਤਸਦੀਕ ਹੋਣ ਉਪਰੰਤ ਕੇਸ ਨੰਬਰ ਜਾਰੀ ਹੋਵੇਗਾ ਅਤੇ ਪੋਰਟਲ 'ਤੇ ਕੇਸ ਦਾ ਸਟੇਟਸ Pending ਵਿਖਾਈ ਦੇਵੇਗਾ।
17. ਜੇਕਰ ਤੁਸੀਂ **Content Verification** type select ਕੀਤੀ ਹੈ ਤਾਂ ਸਾਰੇ ਦਸਤਾਵੇਜ਼ ਦਫ਼ਤਰ ਭੇਜਣ ਦੀ ਜ਼ਰੂਰਤ ਨਹੀਂ ਹੈ। ਫੀਸ ਭਰਨ ਉਪਰੰਤ ਕੇਸ ਆਪਣੇ ਆਪ ਸਿੱਧਾ ਡੀਲਿੰਗ ਸੈੱਟ ਨੂੰ Forward ਹੋ ਜਾਵੇਗਾ।
18. ਜੇਕਰ ਕਿਸੇ ਦਸਤਾਵੇਜ਼ ਸਬੰਧੀ ਇਤਰਾਜ਼ (Objection) ਲਗਾਇਆ ਜਾਂਦਾ ਹੈ ਤਾਂ ਇਸ ਦੀ ਸੂਚਨਾ ਵਿਭਾਗ ਨੂੰ SMS ਅਤੇ Email ਰਾਹੀਂ ਪ੍ਰਾਪਤ ਹੋਵੇਗੀ। ਵਿਭਾਗ ਵੱਲੋਂ ਲੋੜੀਂਦੇ ਦਸਤਾਵੇਜ਼ ਅਪਲੋਡ ਕਰਕੇ ਜਵਾਬ ਦਿੱਤਾ ਜਾਵੇ।
19. ਕੇਸ ਦੀ ਮੌਜੂਦਾ ਸਥਿਤੀ ਅਤੇ ਮੂਵਮੈਂਟ ਦੀ ਜਾਣਕਾਰੀ **Check Case Status** ਵਿਕਲਪ ਰਾਹੀਂ ਪ੍ਰਾਪਤ ਕੀਤੀ ਜਾ ਸਕਦੀ ਹੈ।
20. ਵੈਰੀਫਿਕੇਸ਼ਨ ਦੀ ਪ੍ਰਕਿਰਿਆ ਪੂਰੀ ਹੋਣ ਉਪਰੰਤ ਰਿਪੋਰਟ ਅਤੇ ਅਸਲ ਸਰਟੀਫਿਕੇਟ ਸੰਬੰਧਿਤ ਵਿਭਾਗ ਨੂੰ ਭੇਜੇ ਜਾਣਗੇ ਅਤੇ ਕੇਸ ਦਾ ਸਟੇਟਸ **DISPATCHED** ਅਪਡੇਟ ਕਰ ਦਿੱਤਾ ਜਾਵੇਗਾ।